ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਪੰਜਾਬ
(ਮਕਾਨ ਉਸਾਰੀ-2 ਸ਼ਾਖਾ)

# ਨੋਟੀਫੀਕੇਸ਼ਨ

ਮਿਤੀ 4 ਜਨਵਰੀ,2017

ਨੰ:18/69/2016-5ਮਉ2/ 40 ਪੰਜਾਬ ਰਾਜ ਅੰਦਰ Real Estate Sector ਵਿੱਚ ਆਏ ਆਰਥਿਕ ਮੰਦੇ ਦੇ ਸਨਮੁੱਖ Real Estate Developers ਨੂੰ ਦਰਪੇਸ਼ ਆਰਥਿਕ ਅਤੇ ਹੋਰ ਮੁਸ਼ਕਲਾਂ ਨੂੰ ਹੱਲ ਕਰਨ ਲਈ ਸਰਕਾਰ ਵੱਲੋਂ ਜਾਰੀ ਕੀਤੀ ਗਈ ਪਾਲਿਸੀ (ਨੋਟੀਫੀਕੇਸ਼ਨ ਨੰ: 18/69/2016-5ਮਉII/ 891862/1 ਮਿਤੀ 15.12.2016) ਦੇ ਪੈਰ੍ਹਾ-1 ਅਤੇ 2 ਵਿੱਚ ਪੰਜਾਬ ਦੇ ਰਾਜਪਾਲ ਪ੍ਰਸੰਨਤਾ-ਪੂਰਵਕ ਹੇਠ ਲਿਖੇ ਅਨੁਸਾਰ ਅੰਸ਼ਿਕ ਸੋਧ ਕਰਨ ਦੀ ਪ੍ਰਵਾਨਗੀ ਦਿੰਦੇ ਹਨ:-

1. ਜਿਨ੍ਹਾਂ ਪ੍ਰਮੋਟਰਾਂ ਵੱਲੋਂ ਉਨ੍ਹਾਂ ਦੇ ਪ੍ਰੋਜੈਕਟ ਦੇ ਮੰਗ ਪੱਤਰਾਂ ਵਿੱਚ ਦਰਸਾਏ schedule of payment ਅਨੁਸਾਰ ਮਿਤੀ 31.12.2016 ਤੱਕ ਦੀ ਕੁੱਲ due EDC ਦੀ ਰਕਮ ਦਾ 50% ਜਾਂ ਇਸ ਤੋਂ ਵੱਧ ਸਬੰਧਤ ਅਥਾਰਿਟੀ ਨੂੰ ਅਦਾ ਕੀਤਾ ਹੋਇਆ ਹੈ, ਉਨ੍ਹਾਂ ਪ੍ਰਮੋਟਰਾਂ ਨੂੰ ਮਿਤੀ 31.12.2016 ਤੱਕ ਦੀ ਬਕਾਇਆ ਰਹਿੰਦੀ ਰਕਮ (overdue ਰਕਮ ਜਿਸ ਵਿੱਚ upto date ਵਿਆਜ/ ਦੰਡ ਵਿਆਜ਼ ਵੀ ਸ਼ਾਮਿਲ ਹੋਵੇਗਾ) ਦੀ 10% ਰਕਮ ਲੈ ਕੇ ਅਤੇ ਜਿਨ੍ਹਾਂ ਪ੍ਰਮੋਟਰਾਂ ਵੱਲੋਂ 50% ਤੋਂ ਘੱਟ ਅਥਾਰਿਟੀ ਨੂੰ ਅਦਾ ਕੀਤਾ ਹੋਇਆ ਹੈ, ਉਨ੍ਹਾਂ ਕੋਲੋਂ 15% ਰਕਮ ਲੈ ਕੇ, ਮਿਤੀ 31.12.2017 ਤੱਕ moratorium ਦਿੱਤਾ ਜਾਵੇਗਾ। ਬਾਕੀ ਰਹਿੰਦੀ ਰਕਮ (overdue amount) ਮਿਤੀ 01.01.2018 ਤੋਂ 6 ਬਰਾਬਰ ਤਿਮਾਹੀ ਕਿਸ਼ਤਾਂ ਵਿੱਚ ਵਸੂਲ ਕੀਤੀ ਜਾਵੇਗੀ।

   ਬਾਕੀ ਦੇ charges ਅਤੇ ਜਿਹੜੀਆਂ ਕਿਸ਼ਤਾਂ ਮਿਤੀ 01.01.2017 ਤੋਂ ਬਾਅਦ due ਹੋਣਗੀਆਂ, ਉਹ ਮੰਗ ਪੱਤਰ ਦੇ Schedules of Payment ਮੁਤਾਬਿਕ ਹੀ ਅਦਾ ਕਰਨੀਆਂ ਹੋਣਗੀਆਂ। ਮਿਤੀ 01.01.2017 ਤੋਂ ਬਾਅਦ due ਹੋਣ ਵਾਲੀਆਂ ਕਿਸ਼ਤਾਂ ਤੇ ਵਿਆਜ ਅਤੇ ਦੰਡ ਵਿਆਜ ਵਿਭਾਗ ਦੀ ਪਹਿਲਾਂ ਜਾਰੀ ਪਾਲਿਸੀ ਅਨੁਸਾਰ ਹੀ ਵਸੂਲਿਆ ਜਾਵੇਗਾ।

   Moratorium ਸਮੇਂ ਦੌਰਾਨ ਕਿਸੇ ਵੀ ਪ੍ਰਮੋਟਰ, ਜਿਸ ਨੇ ਉਪਰੋਕਤ ਦੱਸੇ ਅਨੁਸਾਰ charges ਅਦਾ ਕੀਤੇ ਹੋਣ, ਦਾ CLU, Layout Plan and Building Plan ਆਦਿ ਵਿਭਾਗ ਵੱਲੋਂ ਨਹੀਂ ਰੋਕਿਆ ਜਾਵੇਗਾ।

2. ਜਿਸ ਵਿਆਜ ਦੀ ਦਰ ਤੇ ਬੈਂਕਾਂ ਵੱਲੋਂ ਸਾਰੀਆਂ Special Authorities ਨੂੰ ਕਰਜਾ ਦਿੱਤਾ ਗਿਆ ਹੈ, ਪ੍ਰਮੋਟਰ ਵੱਲ EDC ਦੀ ਮਿਤੀ 31.12.2016 ਤੱਕ ਦੀ ਬਕਾਇਆ ਰਕਮ (overdue amount) ਤੇ moratorium ਸਮੇਂ ਦੌਰਾਨ (ਮਿਤੀ 01.01.2017 ਤੋਂ 31.12.2017 ਤੱਕ) ਵਿਆਜ ਦੀ ਦਰ 9.5% (ਸਾਲਾਨਾ) ਹੋਵੇਗੀ ਅਤੇ ਦੰਡ ਵਿਆਜ ਦੀ ਦਰ 3% ਦੀ ਬਜਾਏ 1% (compounded) ਹੋਵੇਗੀ। Moratorium ਸਮੇਂ ਦੌਰਾਨ ਵਿਆਜ ਦੀ ਰਕਮ ਤਿਮਾਹੀ ਵਸੂਲੀ ਜਾਵੇਗੀ।

   ਜੇਕਰ ਕੋਈ ਪ੍ਰਮੋਟਰ Moratorium ਸਮੇਂ ਦੌਰਾਨ ਦੋ ਤਿਮਾਹੀ ਕਿਸ਼ਤਾਂ ਦਾ default ਕਰਦਾ ਹੈ ਤਾਂ ਉਸ ਨੂੰ moratorium ਸਮੇਂ ਦੌਰਾਨ ਦਿੱਤਾ ਗਿਆ ਕਿਸ਼ਤਾਂ ਦਾ ਲਾਭ ਵਾਪਿਸ ਲੈ ਲਿਆ ਜਾਵੇਗਾ ਅਤੇ ਉਸ ਪ੍ਰਮੋਟਰ ਦਾ CLU, Layout Plan or Building Plan ਆਦਿ ਦੀ ਪ੍ਰਵਾਨਗੀ ਰੋਕ ਦਿੱਤੀ ਜਾਵੇਗੀ।

ਮਿਤੀ: 03-01-2017
ਚੰਡੀਗੜ੍ਹ

ਵਿਸਵਾਜੀਤ ਖੰਨਾ
ਵਧੀਕ ਮੁੱਖ ਸਕੱਤਰ ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਪੰਜਾਬ

ਪਿੱਠ ਅੰਕਣ ਨੰ:18/69/2016-5ਮਉ2/ 41 ਮਿਤੀ, ਚੰਡੀਗੜ੍ਹ: 4/1/17

ਉਪਰੋਕਤ ਦਾ ਉਤਾਰਾ ਸਮੇਤ ਵਾਧੂ ਕਾਪੀ ਦੇ, Controller, Printing & Stationery, Punjab, SAS Nagar ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਗਜ਼ਟ (ਸਾਧਾਰਣ) ਵਿਚ ਛਾਪਣ ਦੀ ਖੇਚਲ ਕੀਤੀ ਜਾਵੇ ਅਤੇ ਛਪੇ ਹੋਏ ਨੋਟੀਫਿਕੇਸ਼ਨ ਦੀਆਂ 100 ਕਾਪੀਆਂ ਇਸ ਵਿਭਾਗ ਦੀ ਦਫਤਰੀ ਵਰਤੋਂ ਲਈ ਭੇਜੀਆਂ ਜਾਣ।

ਵਿਸ਼ੇਸ਼ ਸਕੱਤਰ

ਪਿੱਠ ਅੰਕਣ ਨੰ:18/69/2016-5ਮਉ2/ 112-54 ਮਿਤੀ, ਚੰਡੀਗੜ: 4/1/17

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ।
2. ਪ੍ਰਮੁਖ ਸਕੱਤਰ, ਪੰਜਾਬ ਸਰਕਾਰ, ਉਦਯੋਗ ਤੇ ਵਣਜ ਵਿਭਾਗ।
3. ਮੁੱਖ ਕਾਰਜਕਾਰੀ ਅਫਸਰ, ਪੰਜਾਬ ਇੰਨਵੈਸਟਮੈਂਟ ਬਿਊਰੋ, ਚੰਡੀਗੜ੍ਹ।
4. ਮੁੱਖ ਪ੍ਰਸਾਸ਼ਕ, ਪੁੱਡਾ, ਐਸ.ਏ.ਐਸ.ਨਗਰ।
5. ਮੁੱਖ ਪ੍ਰਸਾਸ਼ਕ, ਗਮਾਡਾ, ਐਸ.ਏ.ਐਸ.ਨਗਰ।
6. ਮੁੱਖ ਪ੍ਰਸਾਸ਼ਕ, ਗਲਾਡਾ, ਲੁਧਿਆਣਾ।
7. ਮੁੱਖ ਪ੍ਰਸਾਸ਼ਕ, ਪੀ.ਡੀ.ਏ., ਪਟਿਆਲਾ।
8. ਮੁੱਖ ਪ੍ਰਸਾਸ਼ਕ, ਬੀ.ਡੀ.ਏ., ਬਠਿੰਡਾ।
9. ਮੁੱਖ ਪ੍ਰਸਾਸ਼ਕ, ਏ.ਡੀ.ਏ., ਅੰਮ੍ਰਿਤਸਰ।
10. ਮੁੱਖ ਪ੍ਰਸਾਸ਼ਕ, ਜੇ.ਡੀ.ਏ., ਜਲੰਧਰ।
11. ਡਾਇਰੈਕਟਰ, ਨਗਰ ਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ।
12. ਮੁੱਖ ਨਗਰ ਯੋਜਨਾਕਾਰ, ਪੰਜਾਬ, ਐਸ.ਏ.ਐਸ.ਨਗਰ।
13. ਜਨਰਲ ਮੈਨੇਜਰ (ਆਈ.ਟੀ.ਐਂਡ ਸੀ), ਪੁੱਡਾ, ਐਸ.ਏ.ਐਸ.ਨਗਰ।

ਸੁਪਰਡੰਟ